# ਪ੍ਰਿਥੀ ਤੇਰਾ ਰਾਜ ਅਧੂਰਾ

(ਨਾਟਕ ਸ਼ੁਰੂ ਹੋਣ ’ਤੇ ਸੰਗੀਤ ਵਜਦਾ ਹੈ – ਦੋ ਅਮਰੀਕਨ ਮੁੰਡੇ ਇਕ ਪਾਸੇ ਤੋਂ ਆਉਂਦੇ ਹਨ ਅਤੇ ਦੋ ਕਾਕੇ ਨੁਮਾਂ ਸਟੇਜ ਦੇ ਦੂਜੇ ਪਾਸੇ ਤੋਂ ਆਉਂਦੇ ਹਨ – ਆਪਸ ਵਿਚ ਲੋਫਰਾਨਾਂ ਅੰਦਾਜ਼ ਵਿਚ ਜੱਫੀਆਂ ਪਾਉਂਦੇ ਹਨ – ਦੋ ਕਾਲਜ ਵਿਦਿਆਰਥਣਾਂ ਲੰਘਦੀਆਂ ਹਨ, ਉਹਨਾਂ ਉਤੇ ਆਵਾਜ਼ੇ ਕੱਸਦੇ ਹਨ – ਬਾਅਦ ਵਿਚ ਕਾਲਜ ਦਾ ਪ੍ਰੋਫੈਸਰ ਆਉਂਦਾ ਹੈ, ਮੂੰਹ ’ਤੇ ਸਲਾਮ ਬੁਲਾਉਂਦੇ ਹਨ, ਪਰ ਪਿਠ ਪਿਛੇ ਬੂਥੀਆਂ ਬਣਾਉਂਦੇ ਹਨ – ਪ੍ਰੋਫੈਸਰ ਦੇ ਜਾਣ ਦੇ ਬਾਅਦ ਕਾਲਜ ਦਾ ਇਕ ਸਾਊ ਵਿਦਿਆਥੀ ਲੰਘਦਾ ਹੈ, ਉਹਨੂੰ ਠਿੱਬੀ ਦੇਕੇ ਡੇਗ ਦੇਂਦੇ ਨੇ; ਉਹਦੀ ਐਨਕ ਡਿੱਗ ਪੈਂਦੀ ਹੈ, ਉਹ ਐਨਕ ਚੁੱਕ ਲੈਂਦੇ ਹਨ, ਉਹ ਵਿਚਾਰਾ ਐਨਕ ਮੰਗਦਾ ਹੈ, ਉਹਦੇ ਉਤੇ ਹੱਸਦੇ ਹਨ – ਵਿਦਿਆਰਥੀ ਆਗੂ ਉਸ ਸਾਊ ਵਿਦਿਆਰਥੀ ਦੀ ਸਹਾਇਤਾ ਵਾਸਤੇ ਆਉਂਦਾ ਹੈ – ਉਹ ਗੁੱਸੇ ਨਾਲ ਉਹਨਾਂ ਕੋਲੋਂ ਐਨਕ ਵਾਪਸ ਮੰਗਦਾ ਹੈ – ਇਕ ਖਿਚਾਅ ਜਿਹਾ ਪੈਦਾ ਹੁੰਦਾ ਹੈ – ਗੁੰਡੇ ਐਨਕ ਤਾਂ ਵਾਪਸ ਦੇ ਦੇਂਦੇ ਹਨ, ਪਰ ਉਹਦੇ ਵੱਲ ਘੂਰਦੇ ਬਾਹਰ ਜਾਂਦੇ ਹਨ – ਇਹ ਸੰਘਰਸ਼ ਦਾ ਸ਼ੁਰੂ ਹੈ।)

ਦੂਜਾ ਸੀਨ : ਵਿਚ ਕਾਲਜ ਦੀ ਕੈਨਟੀਨ ਦਾ ਸੀਨ ਹੈ – ਗੁੰਡੇ ਲੋਫਰਾਨਾਂ ਅੰਦਾਜ਼ ਵਿਚ ਬੈਠੇ ਹਨ। ਕੰਨਟੀਨ ਦਾ ਨੌਕਰ ਸੰਗੀਤ ਦੀ ਲੈਅ ਵਿਚ ਕੰਮ ਕਰ ਰਿਹਾ ਹੈ – ਕੁੜੀਆਂ ਆਉਂਦੀਆਂ ਹਨ, ਉਹਨਾਂ ਨਾਲ ਮਖੌਲ ਕਰਦੇ ਹਨ – ਵਿਦਿਆਰਥੀ ਆਗੂ ਆਪਣੇ ਸਾਥੀਆਂ ਨਾਲ ਆਉਂਦਾ ਹੈ – ਇਕ ਇਸ਼ਤਿਹਾਰ ਲਿਖਦੇ ਹਨ ਮੁੰਡੇ ਇਸ਼ਤਿਹਾਰ ਫਾੜਦੇ ਹਨ – ਉਥੇ ਫੇਰ ਝਗੜਾ ਹੁੰਦਾ ਹੁੰਦਾ ਬਚ ਜਾਂਦਾ ਹੈ – ਕਿਉਂਕਿ ਪ੍ਰੋਫੈਸਰ ਉਤੋਂ ਆ ਜਾਂਦਾ ਹੈ।

ਸੀਨਾਤੀਸਰਾ : ਕਾਲਜ ਦੇ ਕੰਪਾਊਂਡ ਵਿਚ ਜਲਸਾ ਹੈ– ਵਿਦਿਆਰਥੀ ਆਗੂ ਤਕਰੀਰ ਕਰ ਰਿਹਾ ਹੈ, ਬਾਕੀ ਵਿਦਿਆਰਥੀ ਧਿਆਨ ਨਾਲ ਸੁਣ ਰਹੇ ਹਨ – ਗੁੰਡੇ ਆਕੇ ਜਲਸੇ ਵਿਚ ਆਵਾਜ਼ੇ ਕੱਸਦੇ ਹਨ, ਉਹਨਾਂ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ, ਪਰ ਉਹ ਆਪਣੀਆਂ ਹਰਕਤਾਂ

ਤੋਂ ਬਾਜ ਨਹੀਂ ਆਉਂਦੇ – ਬਾਕੀ ਵਿਦਿਆਰਥੀ ਉਹਨਾਂ 'ਤੇ ਟੁੱਟ ਪੈਂਦੇ ਹਨ – ਗੁੰਡੇ ਨੱਸ ਜਾਂਦੇ ਹਨ – ਇਕ ਗੁੰਡਾ ਵਿਦਿਆਰਥੀਆਂ ਦੇ ਕਾਬੂ ਆ ਜਾਂਦਾ ਹੈ – ਵਿਦਿਆਰਥੀ ਉਹਨੂੰ ਮਾਰਨ ਲਗਦੇ ਹਨ – ਪਰ ਆਗੂ ਵਿਚ ਪੈਕੇ ਉਹਨੂੰ ਬਚਾ ਲੈਂਦਾ ਹੈ – ਉਹ ਗੁੰਡੇ ਨੂੰ ਖ਼ਬਰਦਾਰ ਕਰਕੇ ਛੱਡ ਦੇਂਦੇ ਹਨ ਪਰ ਆਪਸ ਵਿਚ ਗਲਾਂ ਕਰਦੇ ਹਨ ਕਿ ਸਾਨੂੰ ਗੁੰਡਿਆਂ ਦੇ ਵਿਰੁੱਧ – ਚੁਕੰਨੇ ਰਹਿਣਾ ਚਾਹੀਦਾ ਹੈ।

ਸੀਨ ਚੌਥਾ : ਗੁੰਡੇ ਹੁਣ ਸਲਾਹਾਂ ਕਰ ਰਹੇ ਹਨ ਕਿ ਆਪਣੀ ਬੇਇਜ਼ਤੀ ਦਾ ਬਦਲਾ ਕਿਵੇਂ ਲਈਏ – ਉਹ ਤਿਆਰੀ ਕਰ ਰਹੇ ਹਨ – ਅਕਾਲੀ ਲੀਡਰ ਉਹਨਾਂ ਨੂੰ ਆਕੇ ਸ਼ਾਬਾਸ਼ ਦੇਂਦਾ ਹੈ – ਅਕਾਲੀ ਲੀਡਰ ਦੇ ਐਕਸ਼ਨ ਇਹੋ ਜਹੇ ਹਨ ਜਿਸ ਤਰ੍ਹਾਂ ਕਹਿ ਰਿਹਾ ਹੋਵੇ ਕਿ ਅਸੀਂ ਇਥੋਂ ਦੇ ਬਾਦਸ਼ਾਹ ਹਾਂ ਤੁਸੀਂ ਇਹਨਾਂ ਕਾਮਰੇਡਾਂ ਨੂੰ ਸਬਕ ਸਿਖਾ ਦੇਵੋ – ਤੁਹਾਡਾ ਵਾਲ ਵਿੰਗਾ ਨਹੀਂ ਹੋ ਸਕਣ ਲੱਗਾ – ਅਕਾਲੀ ਲੀਡਰ ਚਲਾ ਜਾਂਦਾ ਹੈ – ਉਹ ਸ਼ਹਿ ਲਾਕੇ ਬਹਿ ਜਾਂਦੇ ਹਨ – ਆਗੂ ਲੰਘਦਾ ਹੈ, ਉਹ ਉਹਨੂੰ ਪਿਛੋਂ ਦੀ ਪੈ ਜਾਂਦੇ ਹਨ – ਟਾਰਚਰ ਕਰਕੇ ਉਹਨੂੰ ਮਾਰਦੇ ਹਨ ਅਤੇ ਫੇਰ ਹੋਛਿਆਂ ਵਾਕਣ ਭੰਗੜਾ ਪਾਉਂਦੇ ਚਲੇ ਜਾਂਦੇ ਹਨ – ਦੂਜੇ ਵਿਦਿਆਰਥੀ ਆਉਂਦੇ ਹਨ – ਆਗੂ ਦੀ ਮੌਤ 'ਤੇ ਅਫਸੋਸੇ ਜਾਂਦੇ ਹਨ, ਉਹਦੀ ਲਾਸ਼ 'ਤੇ ਅਦੱਬ ਨਾਲ ਝੁਕਦੇ ਹਨ ਅਤੇ ਫੇਰ ਇਰਾਦੇ ਨਾਲ ਉਠਦੇ ਹਨ – ਉਹਦੀ ਲਾਸ਼ ਨੂੰ ਚੁੱਕਦੇ ਹਨ – ਪਿੱਠ ਭੂਮੀ ਤੋਂ ਗੀਤ ਚਲਦਾ ਹੈ – ਸ਼ਹੀਦਾ ਤੇਰਾ ਰਾਜ ਅਧੂਰਾ – ਲਾਕੇ ਜਿੰਦੜੀਆਂ ਕਰਾਂਗੇ ਪੂਰਾ – ਪਿੱਠ ਭੂਮੀ ਤੋਂ ਆਵਾਜ਼ ਆਉਂਦੀ ਹੈ – ਆਪਣੇ ਆਗੂ ਦੀ ਮੌਤ 'ਤੇ ਪੰਜਾਬ ਦੇ ਚੱਪੇ ਚੱਪੇ ਤੋਂ ਆਵਾਜ਼ ਆਉਂਦੀ ਹੈ। ਅਸਾਡਾ ਆਗੂ ਜ਼ਿੰਦਾਬਾਦ – ਪ੍ਰਿਥੀ ਵੀਂਰਾ ਜਿੰਦਾਬਾਦ – ਗੁੰਡਾ ਗਰਦੀ ਮੁਰਦਾਬਾਦ – ਬੁਰਖਾ ਗਰਦੀ ਮੁਰਦਾਬਾਦ – ਇਹ ਨਾਅਰੇ ਦਰਸ਼ਕ ਵੀ ਨਾਲ ਗਾਉਂਦੇ ਹਨ ਅਤੇ ਸੰਗੀਤਕ ਲੈਅ ਵਿਚ ਲਗਦੇ ਹਨ।

ਸੀਨ ਪੰਜਵਾਂ : ਗੁੰਡੇ ਹੋਛਿਆਂ ਵਾਕੁਣ ਸ਼ਰਾਬ ਪੀ ਰਹੇ ਹਨ – ਮੁਰਗੇ ਖਾ ਰਹੇ ਹਨ। ਅਕਾਲੀ ਆਗੂ ਉਹਨਾਂ ਨੂੰ ਆਕੇ ਸ਼ਾਬਾਸ਼ ਦੇਂਦਾ ਹੈ – ਉਹ ਉਹਦੇ ਗੋਡੇ ਹੱਥ ਲਾਉਂਦੇ ਹਨ – ਥਾਣੇਦਾਰ ਤੇ ਸਿਪਾਹੀ ਆਉਂਦੇ ਹਨ, ਉਹ ਕਾਤਲਾਂ ਨੂੰ ਪਕੜਨਾ ਚਾਹੁੰਦੇ ਹਨ – ਪਰ ਅਕਾਲੀ ਆਗੂ ਉਹਨੂੰ ਇਹ ਕਹਿਕੇ ਭੇਜ ਦੇਂਦਾ ਹੈ ਕਿ ਇਹ ਆਪਣੇ ਹੀ ਬੰਦੇ ਹਨ – ਇਕ ਬੋਤਲ ਉਹਨਾਂ ਨੂੰ ਵੀ ਦੇ ਦੇਂਦਾ ਹੈ, ਉਹ ਗ੍ਰਿਫ਼ਤਾਰੀ ਕੀਤੇ

ਬਗੈਰ ਚਲੇ ਜਾਂਦੇ ਹਨ – ਗੁੰਡੇ ਫਿਰ ਆਪਣੀ ਆਯਾਸ਼ੀ ਵਿਚ ਲਗ ਜਾਂਦੇ ਹਨ – ਵਿਦਿਆਰਥੀ ਅਚਾਨਕ ਆਕੇ ਉਹਨਾਂ ਨੂੰ ਪੈ ਜਾਂਦੇ ਹਨ ਅਤੇ ਗੁੱਸੇ ਨਾਲ ਜੱਕੜ ਲੈਂਦੇ ਹਨ – ਉਹਨਾਂ ਨੂੰ ਥੱਲੇ ਡੇਗ ਦੇਂਦੇ ਹਨ – ਪਿੱਠ ਭੂਮੀ ਤੋਂ ਆਵਾਜ਼ – ਅਸੀਂ ਸਜ਼ਾ ਮੰਗੀ ਸੀ ਉਹਨਾਂ ਕਾਤਲਾਂ ਲਈ – ਜਿਹਨਾਂ ਨੇ ਸਾਡਾ ਸਾਥੀ ਸਾਥੋਂ ਖੋਹਿਆ – ਪਰ ਤੁਸੀਂ ਸਾਡੀ ਮੰਗ ’ਤੇ ਕੰਨ ਨਾ ਧਰਿਆ – ਸਾਨੂੰ ਸ਼ੱਕ ਹੈ ਕਿ ਤੁਸੀਂ ਵੀ ਉਸ ਸਾਜਿਸ਼ ਵਿਚ ਸ਼ਾਮਲ ਹੋ, ਐ ਹਕੂਮਤ ਵਾਲਿਓ, ਹੁਣ ਅਸੀਂ ਮੰਗ ਨਹੀਂ ਕਰਦੇ, ਸਗੋਂ ਐਲਾਨ ਕਰਦੇ ਹਾਂ ਕਿ ਅਸੀਂ ਬਦਲਾ ਲਵਾਂਗੇ – ਉਹਨਾਂ ਕੋਲੋਂ ਜਿੰਨਾਂ ਨੇ ਸਾਡਾ ਸਾਥੀ ਸਾਥੋਂ ਖੋਹਿਆ ਹੈ।

– –